**TODAY'S HUKAMNAMA FROM SRI DARBAR SAHIB**
**Sri Amritsar.**

**[June 10, 2013, Monday 04:30 AM. IST]**

**iqlµg mhlw 1 Gru 3**
ੴ ਸਤਿਗੁਰ ਪ੍ਰਸਾਦਿ ॥
ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥

ਮਨੁੱਖ ਦਾ ਜੀਵਨ ਮੋਹ ਮਾਇਆ ਲੋਭ ਲਾਲਚ ਦੀ ਮੈਲ ਨਾਲ ਭਰਿਆ ਹੋਇਆ ਵਾਹਿਗੁਰੂ ਨੂੰ ਚੰਗਾ ਨਹੀ ਲਗਦਾ।ਇਸ ਮੈਲ ਨੂੰ ਧੋਣ ਲਈ ਮਨ ਨੂੰ ਪ੍ਰਭੂ ਪ੍ਰੇਮ (ਨਾਮ ਸਿਮਰਨ) ਦੇ ਰੰਗ ਵਿਚ ਰੰਗਣਾ ਪਵੇਗਾ ।ਗੁਰਬਾਣੀ ਵਿਚ ਦੱਸੇ ਗਏ ਆਤਮਿਕ ਗੁਣ ਸਤ, ਸੰਤੋਖ,ਦਯਾ ਆਦਿਕ ਧਾਰਨ ਕਰਨੇ ਹੋਣਗੇ ।ਜਦੋਂ ਇਨ੍ਹਾਂ ਗੁਣਾ ਦੀ ਵਰਤੋਂ ਮਨੁੱਖ ਆਪਣੇ ਰੋਜ਼ਾਨਾ ਜੀਵਨ ਸ਼ੁਰੂ ਕਰੇਗਾ ਤਾਂ ਉਸਦਾ ਜੀਵਨ ਸੁਭਾਇਮਾਨ ਹੋ ਜਾਵੇਗਾ ਤੇ ਪ੍ਰਭੂ ਹਮੇਸ਼ਾ ਇਸਦੇ ਅੰਗਸੰਗ ਰਹੇਗਾ । ਅਜਿਹੇ ਮਨੁੱਖ ਧਨ ਹਨ ਜਿਨ੍ਹਾਂ ਪ੍ਰਭੂ ਨਾਮ ਦੇ ਰੰਗ ਵਿਚ ਆਪਣਾ ਜੀਵਨ ਰੰਗ ਕੇ ਵਾਹਿਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰ ਲਈ ਹੈ ।